## ਅਧਿਆਇ 2

# ਇਸਰਾਏਲੀਆਂ ਦੇ ਡੇਰੇ ਦਾ ਪ੍ਰਬੰਧ

ਗਿਣਤੀ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਡੇਰੇ ਦੇ ਸੰਗਠਨ ਲਈ ਹਦਾਇਤਾਂ ਦਿੱਤੀਆਂ ਜਦੋਂ ਉਸ ਨੇ ਇਸਰਾਏਲੀਆਂ ਨੂੰ ਵਾਅਦੇ ਦੀ ਧਰਤੀ ਵੱਲ ਜਾਣ ਦੇ ਲਈ ਤਿਆਰ ਕੀਤਾ। ਗੋਤਾਂ ਦਾ ਸਮੂਹ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਨੁਸਾਰ ਬਣਾਇਆ ਗਿਆ ਸੀ ਤਾਂ ਕਿ ਜਦੋਂ ਉਹ ਸਫ਼ਰ ਕਰਦੇ ਤਾਂ ਛੇਤੀ ਨਾਲ ਡੇਰੇ ਨੂੰ ਲਗਾ ਅਤੇ ਲਾਹ ਸਕਦੇ।

## ਡੇਰੇ ਦਾ ਢਾਂਚਾ ਅਤੇ ਅਤੇ ਕੂਚ ਕਰਨ ਦੇ ਹੁਕਮ (2:1-31)

### ਇਕ ਨਜ਼ਰ (2:1, 2)

**1ਫੇਰ ਯਹੋਵਾਹ ਮੂਸਾ ਅਤੇ ਹਾਰੂਨ ਨੂੰ ਬੋਲਿਆ 2ਕਿ ਇਸਰਾਏਲੀਆਂ ਦਾ ਹਰ ਮਨੁੱਖ ਆਪਣੇ ਝੰਡੇ ਕੋਲ ਆਪਣੇ ਪਿਤ੍ਰਾਂ ਦੇ ਘਰਾਣਿਆਂ ਦੇ ਨਿਸ਼ਾਨਾਂ ਨਾਲ ਆਪਣਾ ਤੰਬੂ ਖੜਾ ਕਰੇ। ਮੰਡਲੀ ਦੇ ਤੰਬੂ ਦੇ ਸਾਹਮਣੇ ਅਰ ਆਲੇ ਦੁਆਲੇ ਓਹ ਤੰਬੂ ਲਾਉਣ।**

**ਆਇਤਾਂ 1, 2. ਯਹੋਵਾਹ ਮੂਸਾ ਅਤੇ ਹਾਰੂਨ ਨੂੰ ਬੋਲਿਆ** ਅਤੇ ਹਰੇਕ ਗੋਤ ਨੂੰ ਇਕ ਖਾਸ ਥਾਂ ਦਿੱਤੀ ਤਾਂ ਜੋ ਉਹ ਡੇਹਰੇ ਦੇ ਆਲੇ-ਦੁਆਲੇ ਸਹੀ ਤਰ੍ਹਾਂ ਡੇਰਾ ਲਾਉਣ। ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਲੇਵੀਆਂ ਨੂੰ ਡੇਹਰੇ ਦੀ ਰਾਖੀ ਕਰਨ ਦੇ ਲਈ ਡੇਹਰੇ ਦੇ ਨੇੜੇ ਡੇਰਾ ਲਾਉਣ ਦਾ ਹੁਕਮ ਦਿੱਤਾ ਸੀ ਤਾਂ ਕਿ ਕੋਈ ਗੈਰ-ਇਸਰਾਏਲੀ ਇਸ ਦੇ ਨੇੜੇ ਨਾ ਆ ਸਕੇ ਅਤੇ ਉਸ ਉੱਤੇ ਪਰਮੇਸ਼ੁਰ ਦਾ ਕ੍ਰੋਧ ਨਾ ਭੜਕੇ (1:51-53)। ਪਰਮੇਸ਼ੁਰ ਨੇ ਦੂਜੇ ਗੋਤਾਂ ਨੂੰ **ਮੰਡਲੀ ਦੇ ਤੰਬੂ ਦੇ ਸਾਹਮਣੇ ਤੰਬੂ ਲਾਉਣ** ਦਾ ਹੁਕਮ ਦਿੱਤਾ ਸੀ।

ਬਾਕੀ ਦਾ 2 ਅਧਿਆਇ ਜ਼ਿਆਦਾਤਰ ਡੇਰੇ ਦੇ ਪ੍ਰਬੰਧ ਬਾਰੇ ਦੱਸਦਾ ਹੈ (ਵੇਖੋ *ਵਾਧੂ ਅਧਿਐਨ: ਇਸਰਾਏਲੀਆਂ ਦਾ ਡੇਹਰੇ ਦੇ ਆਲੇ ਦੁਆਲੇ ਤੰਬੂ ਲਾਉਣਾ*, ਸਫ਼ਾ 158)। ਬਾਰਾਂ ਗੋਤਾਂ ਨੂੰ ਤਿੰਨ ਤਿੰਨ ਦੇ ਚਾਰ ਸਮੂਹਾਂ ਵਿਚ ਵੰਡਿਆ ਗਿਆ ਸੀ। ਹਰ ਸਮੂਹ ਵਿਚ, ਇਕ ਗੋਤ ਨੂੰ ਪ੍ਰਮੁੱਖ ਗੋਤ ਸਮਝਿਆ ਗਿਆ ਸੀ ਅਤੇ ਤਿੰਨ ਦੇ ਹਰੇਕ ਸਮੂਹ ਨੂੰ ਉਸ ਸਮੂਹ ਦੇ ਨਾਮ ਤੋਂ ਜਾਣਿਆ ਗਿਆ ਸੀ: ਯਹੂਦਾਹ, ਰਊਬੇਨ, ਅਫ਼ਰਈਮ ਅਤੇ ਦਾਨ (2:9, 16, 24, 31)।

ਗੋਤਾਂ ਨੇ **ਆਪਣੇ ਝੰਡੇ ਕੋਲ ਆਪਣੇ ਪਿਤ੍ਰਾਂ ਦੇ ਘਰਾਣਿਆਂ ਦੇ ਨਿਸ਼ਾਨਾਂ ਨਾਲ ਆਪਣਾ ਤੰਬੂ** ਲਾਉਣਾ ਸੀ। "ਝੰਡੇ" (דֶּגֶל, *ਡੀਜੈਲ)* ਅਤੇ "ਨਿਸ਼ਾਨਾਂ" (אוֹת, *ਓਥ*)[1] ਦੋਵੇਂ ਸ਼ਬਦ ਕਿਸੇ ਨਾ ਕਿਸੇ ਕਿਸਮ ਦੇ ਝੰਡਿਆਂ ਦਾ ਹਵਾਲਾ ਦਿੰਦੇ ਹਨ ਜੋ ਇਸਰਾਏਲ ਦੇ ਡੇਰੇ ਦੇ ਅੰਦਰ ਵੱਖ-ਵੱਖ ਸਮੂਹਾਂ ਵਿਚ ਫ਼ਰਕ ਦਰਸਾਉਣ ਦੇ ਲਈ ਵਰਤੇ ਗਏ ਸਨ। ਰਾਸ਼ੀ ਨਾਂ ਦੇ ਇਕ ਯਹੂਦੀ ਟਿੱਪਣੀਕਾਰ ਨੇ ਇਹ ਕਹਿਣ ਦਾ ਜੋਖਿਮ ਉਠਾਇਆ ਸੀ ਕਿ ਇਨ੍ਹਾਂ ਨੂੰ ਰੰਗ ਦੇ ਅਨੁਸਾਰ ਨਾਂ ਦਿੱਤਾ ਗਿਆ ਸੀ ਜੋ ਕਿ ਪਰਧਾਨ ਜਾਜਕ ਦੇ ਸੀਨਾ ਬੰਦ ਵਿਚ ਲੱਗੇ ਕੀਮਤੀ ਪੱਥਰਾਂ ਨਾਲ ਮਿਲਦੇ-ਜੁਲਦੇ ਸਨ (ਕੂਚ 28:17-21)। ਇਬਨ ਅਜ਼ਰਾ ਨਾਂ ਦੇ ਇਕ ਹੋਰ ਟਿੱਪਣੀਕਾਰ ਨੇ ਸੋਚਿਆ ਕਿ ਝੰਡਿਆਂ

ਵਿਚ ਨਿਸ਼ਾਨ ਸਨ, ਜਿਵੇਂ ਕਿ ਯਹੂਦਾਹ ਦਾ ਸ਼ੇਰ।[2] ਨਿਸ਼ਾਨ ਸ਼ਾਇਦ ਉਹ ਝੰਡਾ ਹੋਵੇਗਾ ਜਿਹੜਾ ਤਿੰਨ ਗੋਤਾਂ ਵਾਲੇ ਹਰੇਕ ਸਮੂਹ ਨੂੰ ਦਰਸਾਉਂਦਾ ਹੋਵੇਗਾ, ਜਦ ਕਿ ਝੰਡਿਆਂ ਦਾ ਸੰਬੰਧ ਵਿਅਕਤੀਗਤ ਗੋਤਾਂ ਦੇ ਨਾਲ ਹੋਵੇਗਾ।[3]

**ਚੜ੍ਹਦੇ ਪਾਸੇ ਵਾਲੇ ਗੋਤ** (2:3-9)

**[3]ਜਿਹੜੇ ਸੂਰਜ ਦੇ ਨਿੱਕਲਣ ਵੱਲ ਚੜ੍ਹਦੇ ਪਾਸੇ ਡੇਰਾ ਲਾਉਣ ਓਹ ਯਹੂਦਾਹ ਦੇ ਡੇਰੇ ਦੇ ਝੰਡੇ ਦੇ ਹੋਣ ਆਪਣੀਆਂ ਸੈਨਾਂ ਅਨੁਸਾਰ ਅਤੇ ਯਹੂਦਾਹ ਦੇ ਲੋਕਾਂ ਦਾ ਪਰਧਾਨ ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ ਹੋਵੇ। [4]ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਚੁਹੱਤਰ ਹਜ਼ਾਰ ਛੇ ਸੌ ਸਨ। [5]ਅਤੇ ਜਿਹੜੇ ਉਸ ਦੇ ਕੋਲ ਡੇਰਾ ਲਾਉਣ ਓਹ ਯਿੱਸਾਕਾਰ ਦੇ ਗੋਤ ਦੇ ਹੋਣ ਅਤੇ ਯਿੱਸਾਕਾਰ ਦੇ ਲੋਕਾਂ ਦਾ ਪਰਧਾਨ ਸੂਆਰ ਦਾ ਪੁੱਤ੍ਰ ਨਥਨਿਏਲ ਹੋਵੇ। [6]ਉਸ ਦੇ ਸੈਨਾ ਦੇ ਗਿਣੇ ਹੋਏ ਲੋਕ ਚੁਰੰਜਾ ਹਜ਼ਾਰ ਚਾਰ ਸੌ ਸਨ। [7]ਨਾਲੇ ਜ਼ਬੂਲੁਨ ਦੇ ਗੋਤ ਅਤੇ ਜ਼ਬੂਲੁਨ ਦੇ ਲੋਕਾਂ ਦਾ ਪਰਧਾਨ ਹੇਲੋਨ ਦਾ ਪੁੱਤ੍ਰ ਅਲੀਆਬ ਹੋਵੇ। [8]ਅਤੇ ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਸਤਵੰਜਾ ਹਜ਼ਾਰ ਚਾਰ ਸੌ ਸਨ। [9]ਯਹੂਦਾਹ ਦੇ ਡੇਰੇ ਦੇ ਸਾਰੇ ਗਿਣੇ ਹੋਏ ਲੋਕ ਇੱਕ ਲੱਖ ਛਿਆਸੀ ਹਜ਼ਾਰ ਚਾਰ ਸੌ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਸਨ। ਪਹਿਲਾਂ ਓਹ ਕੂਚ ਕਰਨ।**

ਇਹ ਸੂਚੀ, ਨਾਲੇ ਅਧਿਆਇ 2 ਵਿਚ ਦੂਜੀਆਂ ਸੂਚੀਆਂ, ਇਕ ਵੱਖਰੇ ਨਮੂਨੇ ਦਾ ਪਾਲਣ ਕਰਦੀਆਂ ਹਨ। ਡੇਹਰੇ ਦੇ ਸੰਬੰਧ ਵਿਚ ਸਮੂਹ ਦੀ ਸਥਿਤੀ, ਨਾਲੇ ਅਗਵਾਈ ਕਰਨ ਵਾਲੇ ਗੋਤ ਦੀ ਸਥਿਤੀ ਦਿੱਤੀ ਗਈ ਹੈ। ਇਸ ਦੇ ਬਾਅਦ, ਸਮੂਹ ਵਿਚ ਹਰੇਕ ਗੋਤ ਨੂੰ ਨਾਉਂ ਦਿੱਤਾ ਗਿਆ ਹੈ, ਇਸ ਦੇ ਪਰਧਾਨ ਅਤੇ ਜੁੱਧ ਲੜਨ ਵਾਲੇ ਮਨੁੱਖਾਂ ਦੀ ਕੁੱਲ ਗਿਣਤੀ ਦੇ ਨਾਲ। ਤਿੰਨ ਗੋਤਾਂ ਦੀ ਸੂਚੀ ਦੇਣ ਤੋਂ ਬਾਅਦ, ਸਮੂਹ ਦੀ ਸੈਨਾ ਦੀ ਆਖ਼ਰੀ ਕੁੱਲ ਗਿਣਤੀ ਦਿੱਤੀ ਗਈ ਹੈ।

**ਆਇਤਾਂ 3, 4.** ਪਹਿਲੇ ਸਮੂਹ ਦੀ ਸਥਿਤੀ **ਸੂਰਜ ਦੇ ਨਿੱਕਲਣ ਵੱਲ** ਡੇਹਰੇ ਦੇ **ਚੜ੍ਹਦੇ ਪਾਸੇ** ਸੀ। ਹਾਤੇ ਅਤੇ ਡੇਹਰੇ ਦਾ ਮੂੰਹ ਸੂਰਜ ਵੱਲ (ਸੂਰਜ ਦੇ ਨਿੱਕਲਣ ਵੱਲ) ਸੀ ਜੋ ਕਿ ਪ੍ਰਾਚੀਨ ਮਸੋਪੋਤਾਮੀਆ ਵਿਚ ਇਕ ਆਮ ਸਥਿਤੀ ਸੀ। ਇਸ ਮਾਮਲੇ ਵਿਚ, ਉੱਤਰ ਖੱਬੇ ਪਾਸੇ ਸੀ, ਦੱਖਣ ਸੱਜੇ ਪਾਸੇ ਸੀ ਅਤੇ ਪੱਛਮ ਪਿੱਛੇ ਵੱਲ ਸੀ।[4]

ਪਹਿਲਾ ਸਮੂਹ, ਜਿਹੜਾ ਕਿ ਤਿੰਨ ਗੋਤਾਂ ਨੂੰ ਮਿਲ ਕੇ ਬਣਿਆ ਸੀ ਜੋ ਯਾਕੂਬ ਅਤੇ ਲੇਆਹ ਤੋਂ ਆਇਆ ਸੀ, ਉਸ ਨੇ **ਯਹੂਦਾਹ ਦੇ ਡੇਰੇ ਦੇ ਝੰਡੇ** ਹੇਠ ਡੇਰਾ ਲਾਉਣਾ ਸੀ। ਸ਼ਾਇਦ ਯਹੂਦਾਹ ਦਾ ਗੋਤ ਇਸਰਾਏਲੀਆਂ ਅਤੇ ਇਸ ਖਾਸ ਸਮੂਹ ਦੀ ਅਗਵਾਈ ਕਰਨ ਦੇ ਲਈ ਚੁਣਿਆ ਗਿਆ ਹੋਵੇਗਾ ਕਿਉਂਕਿ ਇਹ ਸਭ ਤੋਂ ਵੱਡਾ ਗੋਤ ਸੀ। ਇਸ ਤੋਂ ਇਲਾਵਾ, ਯਹੂਦਾਹ ਨੂੰ ਯਾਕੂਬ ਵੱਲੋਂ ਇਕ ਖਾਸ ਬਰਕਤ ਮਿਲੀ ਸੀ (ਉਤਪਤ 49:8-12) ਅਤੇ ਆਖ਼ਰਕਾਰ ਉਸ ਦੀ ਅੰਸ (ਦਾਊਦ ਦੀ ਵੰਸ਼ਾਵਲੀ) ਵਿੱਚੋਂ ਰਾਜੇ ਉੱਠਣਗੇ।

ਕਿਉਂਕਿ ਯਹੂਦਾਹ ਦੇ ਡੇਰੇ ਨੇ ਇਸ ਜਲੂਸ ਦੀ ਅਗਵਾਈ ਕਰਨੀ ਸੀ, ਇਹ ਉਚਿਤ ਸੀ ਕਿ ਉਨ੍ਹਾਂ ਨੂੰ ਡੇਹਰੇ ਦੇ ਚੜ੍ਹਦੇ ਪਾਸੇ ਡੇਰਾ ਲਾਉਣਾ ਚਾਹੀਦਾ ਹੈ ਕਿਉਂਕਿ ਕੌਮ ਦਾ ਸੀਨਈ ਤੋਂ ਕਨਾਨ ਨੂੰ ਜਾਣਾ ਜ਼ਿਆਦਾਤਰ ਉੱਤਰ ਅਤੇ ਪੂਰਬ ਵੱਲ ਨੂੰ ਹੋਵੇਗਾ। ਇਸ ਤੋਂ ਇਲਾਵਾ, ਕਿਉਂਕਿ ਡੇਹਰੇ ਦਾ ਮੂੰਹ ਚੜ੍ਹਦੇ ਪਾਸੇ ਵੱਲ ਸੀ ਅਤੇ ਜਾਜਕਾਂ (ਹਾਰੂਨ ਦੀ ਅੰਸ) ਨੇ ਡੇਹਰੇ ਦੇ ਚੜ੍ਹਦੇ ਪਾਸੇ ਵੱਲ ਡੇਰਾ ਲਾਇਆ ਸੀ, ਯਹੂਦਾਹ ਦੇ ਲਈ ਅਗਵਾਈ ਕਰਨ ਵਾਲਾ ਗੋਤ ਹੋਣ ਦੇ ਨਾਤੇ ਉਸੇ ਪਾਸੇ ਵੱਲ ਡੇਰਾ ਲਾਉਣਾ ਬਿਲਕੁਲ ਉਚਿਤ ਸੀ।

**ਯਹੂਦਾਹ ਦੇ ਲੋਕਾਂ ਦਾ ਪਰਧਾਨ** ਸੀ **ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ** ਅਤੇ ਯਹੂਦਾਹ ਦੇ ਜੁੱਧ ਲੜਨ ਵਾਲੇ **ਲੋਕਾਂ** ਦੀ ਗਿਣਤੀ 74,600 ਸੀ (ਵੇਖੋ 1:7, 26, 27)।

**ਆਇਤਾਂ 5, 6.** ਯਹੂਦਾਹ ਦੇ ਨਾਲ-ਨਾਲ **ਯਿੱਸਾਕਾਰ ਦੇ ਗੋਤ** ਨੇ ਡੇਰਾ ਲਾਇਆ ਸੀ, ਜਿਸ ਦੀ ਅਗਵਾਈ ਨਥਨਿਏਲ ਨੇ ਕੀਤੀ ਸੀ। ਉਸ ਦੇ ਕੋਲ **ਉਸ ਦੀ ਸੈਨਾ** ਵਿਚ 54,400 ਲੋਕ ਸਨ (ਵੇਖੋ 1:8, 28, 29)।

**ਆਇਤਾਂ 7, 8. ਜ਼ਬੂਲੁਨ** ਦੇ ਲੋਕ ਵੀ ਯਹੂਦਾਹ ਦੇ ਸਮੂਹ ਦਾ ਇਕ ਹਿੱਸਾ ਸਨ। ਉਨ੍ਹਾਂ ਦੇ **ਪਰਧਾਨ** ਦਾ ਨਾਮ **ਅਲੀਆਬ** ਸੀ ਅਤੇ ਉਸ ਦੀ ਸੈਨਾ ਦੀ ਕੁੱਲ ਗਿਣਤੀ 57,400 ਸੀ (ਵੇਖੋ 1:9, 30, 31)।

**ਆਇਤ 9. ਯਹੂਦਾਹ ਦੇ ਡੇਰੇ** ਦੇ ਸਾਰੇ ਲੋਕਾਂ ਦੀ ਗਿਣਤੀ ਕੁੱਲ ਮਿਲਾ ਕੇ 186,400 ਸੀ। ਇਹ ਚਾਰ ਸਮੂਹਾਂ ਵਿੱਚੋਂ ਸਭ ਤੋਂ ਵੱਡਾ ਸਮੂਹ ਸੀ। ਜਦੋਂ ਇਹ ਡੇਰਾ ਇਕ ਨਵੀਂ ਥਾਂ ਤੇ ਜਾਂਦਾ ਸੀ, **ਪਹਿਲਾਂ ਕੂਚ ਕਰਨਾ** ਉਨ੍ਹਾਂ ਦੀ ਜ਼ਿੰਮੇਵਾਰੀ ਸੀ।

### ਦੱਖਣ ਵਾਲੇ ਪਾਸੇ ਦੇ ਗੋਤ (2:10-16)

**10ਰਊਬੇਨ ਦੇ ਡੇਰੇ ਦਾ ਝੰਡਾ ਦੱਖਣ ਵੱਲ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਹੋਵੇ ਅਤੇ ਰਊਬੇਨ**
**ਦੇ ਲੋਕਾਂ ਦਾ ਪਰਧਾਨ ਸ਼ਦੇਊਰ ਦਾ ਪੁੱਤ੍ਰ ਅਲੀਸੂਰ ਹੋਵੇ। 11ਉਸ ਦੀ ਸੈਨਾ ਦੇ ਗਿਣੇ ਹੋਏ ਲੋਕ**
**ਛਤਾਲੀ ਹਜ਼ਾਰ ਪੰਜ ਸੌ ਸਨ। 12ਜਿਹੜੇ ਉਸ ਦੇ ਕੋਲ ਡੇਰਾ ਲਾਉਣ ਓਹ ਸ਼ਿਮਓਨ ਦੇ ਗੋਤ ਦੇ**
**ਹੋਣ ਅਤੇ ਸ਼ਿਮਓਨ ਦੇ ਲੋਕਾਂ ਦਾ ਪਰਧਾਨ ਸੂਰੀਸ਼ਦਾਈ ਦਾ ਪੁੱਤ੍ਰ ਸ਼ਲੁਮੀਏਲ ਹੋਵੇ। 13ਉਹ ਦੀ**
**ਸੈਨਾ ਦੇ ਗਿਣੇ ਹੋਏ ਲੋਕ ਉਣਾਹਟ ਹਜ਼ਾਰ ਤਿੰਨ ਸੌ ਸਨ। 14ਫੇਰ ਗਾਦ ਦਾ ਗੋਤ ਅਤੇ ਗਾਦ ਦੇ**
**ਲੋਕਾਂ ਦਾ ਪਰਧਾਨ ਦਊਏਲ ਦਾ ਪੁੱਤ੍ਰ ਅਲਯਾਸਾਫ਼ ਹੋਵੇ। 15ਅਤੇ ਉਸ ਦੀ ਸੈਨਾ ਦੇ ਗਿਣੇ ਹੋਏ**
**ਲੋਕ ਪੰਤਾਲੀ ਹਜ਼ਾਰ ਛੇ ਸੌ ਪੰਜਾਹ ਸਨ। 16ਰਊਬੇਨ ਦੇ ਡੇਰੇ ਦੇ ਸਾਰੇ ਗਿਣੇ ਹੋਏ ਲੋਕ ਇੱਕ ਲੱਖ**
**ਇੱਕਵੰਜਾ ਹਜ਼ਾਰ ਚਾਰ ਸੌ ਪੰਜਾਹ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਸਨ ਅਤੇ ਦੂਜੇ ਓਹ ਕੂਚ**
**ਕਰਨ।**

**ਆਇਤਾਂ 10, 11.** ਦੂਜਾ ਸਮੂਹ ਵੀ ਜਿਸ ਦਾ ਸੰਬੰਧ ਯਾਕੂਬ ਅਤੇ ਲੇਆਹ ਨਾਲ ਸੀ ਉਸ ਨੂੰ ਵੀ ਡੇਹਰੇ ਦੇ **ਦੱਖਣ ਵੱਲ** ਡੇਰਾ ਲਾਉਣ ਦੀ ਹਦਾਇਤ ਦਿੱਤੀ ਗਈ ਸੀ। "ਦੱਖਣ ਵੱਲ" (תֵּימָן, *ਦੇਮੈਨ)* ਦਾ ਸ਼ਾਬਦਿਕ ਅਰਥ "ਸੱਜਾ (ਹੱਥ)" ਹੋ ਸਕਦਾ ਹੈ।[5] ਇਸ ਭਾਸ਼ਾ ਦਾ ਮੰਨਣਾ ਹੈ ਕਿ ਡੇਹਰੇ ਦਾ ਚੜ੍ਹਦਾ ਪਾਸਾ ਸੂਰਜ ਦੇ ਨਿੱਕਲਣ ਵੱਲ ਸੀ।

ਇਹ ਤਿੰਨ ਗੋਤਾਂ ਵਾਲੇ ਸਮੂਹ ਨੇ **ਰਊਬੇਨ ਦੇ ਡੇਰੇ ਦੇ ਝੰਡੇ** ਥੱਲੇ ਡੇਰਾ ਲਾਇਆ ਸੀ। ਇਹ ਗੋਤ ਰਊਬੇਨ ਵਿੱਚੋਂ ਨਿੱਕਲਿਆ ਸੀ, ਜਿਹੜਾ ਯਾਕੂਬ ਅਤੇ ਲੇਆਹ ਦਾ ਪਲੇਠਾ ਪੁੱਤਰ ਸੀ (ਉਤਪਤ 29:32; 35:23)। ਉਸ ਨੇ ਆਪਣੇ ਪਿਤਾ ਦੀ ਸੁਰੇਤ ਨਾਲ ਲੇਟ ਕੇ ਆਪਣੀ ਸਰਬਸਰੇਸ਼ਟਤਾ ਦੇ ਅਧਿਕਾਰ ਨੂੰ ਗੁਆ ਦਿੱਤਾ ਸੀ (ਉਤਪਤ 35:22; 49:3, 4)। ਉਸ ਦੇ ਭਰਾ ਸ਼ਿਮਓਨ ਅਤੇ ਲੇਵੀ ਨੂੰ ਵੀ ਸ਼ਕਲ ਦੇ ਵਿਰੁੱਧ ਉਨ੍ਹਾਂ ਦੇ ਹਿੰਸਕ ਬਦਲੇ ਦੀ ਸਜ਼ਾ ਮਿਲੀ ਸੀ, ਜਿਨ੍ਹਾਂ ਨੇ ਉਨ੍ਹਾਂ ਦੀ ਭੈਣ ਨੂੰ ਅਪਵਿੱਤਰ ਕੀਤਾ (ਉਤਪਤ 34:25, 26; 49:5-7)। ਇਸ ਲਈ, ਆਗੂ ਦਾ ਅਹੁਦਾ ਯਹੂਦਾਹ ਨੂੰ ਦਿੱਤਾ ਗਿਆ ਸੀ। ਫਿਰ ਵੀ, ਰਊਬੇਨ ਦਾ ਗੋਤ ਇਸ ਦੂਜੇ ਸਮੂਹ ਦਾ ਆਗੂ ਸੀ।

**ਰਊਬੇਨ** ਦੇ ਗੋਤ ਦੀ ਅਗਵਾਈ **ਅਲੀਸੂਰ** ਨੇ ਕੀਤੀ ਸੀ ਅਤੇ ਉਸ ਦੇ ਲੋਕਾਂ ਦੀ ਗਿਣਤੀ 46,500 ਸੀ (ਵੇਖੋ 1:5, 20, 21)।

**ਆਇਤਾਂ 12, 13. ਸ਼ਿਮਓਨ ਦਾ ਗੋਤ** ਰਊਬੇਨ ਦੇ ਗੋਤ ਲਾਗੇ ਸਥਿਤ ਸੀ ਅਤੇ ਉਸ ਦੀ ਅਗਵਾਈ **ਸ਼ਲੁਮੀਏਲ** ਦੁਆਰਾ ਕੀਤੀ ਜਾ ਰਹੀ ਸੀ ਅਤੇ **ਉਸ ਦੀ ਸੈਨਾ** ਦੇ ਜੁੱਧ ਲੜਨ ਵਾਲੇ **ਲੋਕਾਂ** ਦੀ ਕੁੱਲ ਗਿਣਤੀ 59,300 ਸੀ (ਵੇਖੋ 1:6, 22, 23)।

**ਆਇਤਾਂ 14, 15.** ਇਸ ਸਮੂਹ ਵਿਚ **ਗਾਦ ਦਾ ਗੋਤ** ਸ਼ਾਮਲ ਸੀ। ਇਨ੍ਹਾਂ ਲੋਕਾਂ ਦੇ ਪੂਰਵਜ ਲੇਆਹ ਦੀ ਗੋੱਲੀ ਜ਼ਿਲਪਾਹ ਤੋਂ ਆਏ ਸਨ। ਗਾਦ ਨੂੰ ਤਿੰਨ ਦਾ ਸਮੂਹ ਪੂਰਾ ਕਰਨ ਦੇ ਲਈ ਲੇਆਹ ਦੇ ਪੁੱਤਰਾਂ ਨਾਲ ਰੱਖਿਆ ਗਿਆ ਹੈ (1:20-43 ਤੇ ਟਿੱਪਣੀਆਂ ਵੇਖੋ)। ਇਹ ਅਸਾਮੀ ਇਸ ਲਈ ਨਿੱਕਲੀ ਸੀ ਕਿਉਂਕਿ ਲੇਆਹ ਦਾ ਪੁੱਤਰ ਲੇਵੀ ਜਾਜਕਾਂ ਦੇ ਗੋਤ ਦੇ ਰੂਪ ਵਿਚ ਚੁਣਿਆ ਗਿਆ ਸੀ। ਗਾਦ ਦੇ ਗੋਤ ਦਾ **ਪਰਧਾਨ** ਸੀ **ਅਲਯਾਸਾਫ਼** ਅਤੇ ਉਸ ਦੇ ਸੈਨਾ ਦੇ **ਲੋਕ** ਗਿਣਤੀ ਵਿਚ 45,650 ਸਨ (ਵੇਖੋ 1:14, 24, 25)।

**ਆਇਤ 16.** ਜੇਕਰ ਤਿੰਨਾਂ ਗੋਤਾਂ ਨੂੰ ਇਕੱਠਾ ਕਰ ਦੇਈਏ, ਤਾਂ **ਰਊਬੇਨ ਦੇ ਡੇਰੇ** ਵਿਚ ਜੁੱਧ ਲੜਨ ਵਾਲੇ ਲੋਕਾਂ ਦੀ ਗਿਣਤੀ 151,450 ਸੀ। ਜਦ ਕਦੇ ਵੀ ਇਸਰਾਏਲੀ ਲੋਕ ਉਜਾੜ ਵਿਚ ਗਏ ਰਊਬੇਨ ਦਾ ਡੇਰਾ **ਦੂਜਾ ਕੂਚ ਕਰਨ** ਵਾਲਾ ਸੀ।

**ਡੇਹਰਾ ਅਤੇ ਲੇਵੀ (2:17)**

**[17]ਫੇਰ ਮੰਡਲੀ ਦੇ ਤੰਬੂ ਦਾ ਕੂਚ ਹੋਵੇ ਅਤੇ ਲੇਵੀਆਂ ਦਾ ਡੇਰਾ ਡੇਰਿਆਂ ਦੇ ਵਿਚਕਾਰ ਹੋਵੇ। ਜਿਵੇਂ ਉਨ੍ਹਾਂ ਡੇਰੇ ਲਾਏ ਤਿਵੇਂ ਓਹ ਕੂਚ ਕਰਨ। ਹਰ ਮਨੁੱਖ ਆਪਣੇ ਥਾਂ ਵਿੱਚ ਆਪਣੇ ਝੰਡਿਆਂ ਕੋਲ ਹੋਵੇ।**

**ਆਇਤ 17.** ਯਹੂਦਾਹ ਅਤੇ ਰਊਬੇਨ ਦੇ ਡੇਰਿਆਂ ਤੋਂ ਬਾਅਦ, **ਮੰਡਲੀ ਦੇ ਤੰਬੂ** ਜਿਸ ਨੂੰ **ਲੇਵੀਆਂ** ਦੁਆਰਾ ਚੁੱਕ ਕੇ ਲਿਜਾਇਆ ਜਾਂਦਾ ਸੀ, ਜਲੂਸ ਦੇ ਵਿਚਕਾਰ ਪਿੱਛੇ-ਪਿੱਛੇ ਚੱਲਦੇ ਸਨ। ਇਹ ਡੇਹਰਾ - ਜਿੱਥੇ ਪਰਮੇਸ਼ੁਰ, ਇਕ ਭਾਵ ਵਿਚ, ਵੱਸਦਾ ਅਤੇ ਆਪਣੀ ਪਰਜਾ ਨੂੰ ਮਿਲਦਾ ਸੀ - ਕੌਮ ਦੇ ਜੀਵਨ ਦੇ ਵਿਚਕਾਰ ਸੀ। ਪਰਮੇਸ਼ੁਰ ਨੇ ਇਸਰਾਏਲ ਦੇ ਜੀਵਨ ਦਾ ਕੇਂਦਰ ਬਣਨਾ ਸੀ। ਜਾਜਕਾਂ ਸਮੇਤ ਲੇਵੀ ਡੇਹਰੇ ਦੇ ਬਿਲਕੁਲ ਨੇੜੇ ਤੰਬੂ ਜਾਂ ਡੇਰਾ ਲਗਾਉਂਦੇ ਸਨ, ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਸਰਾਏਲੀਆਂ ਵਿਚ ਉਨ੍ਹਾਂ ਦੀ ਇਕ ਖਾਸ ਭੂਮਿਕਾ ਸੀ। ਉਹ ਪਰਮੇਸ਼ੁਰ ਅਤੇ ਉਸ ਦੀ ਪਰਜਾ ਵਿਚਕਾਰ ਵਿਚੋਲਿਆਂ ਦਾ ਕੰਮ ਕਰਦੇ ਸਨ। ਲੇਵੀਆਂ ਦੇ ਡੇਰਿਆਂ ਦੀ ਖਾਸ ਸਥਿਤੀ - ਜਾਜਕਾਂ, ਗੇਰਸ਼ੋਨੀਆਂ, ਕਹਾਥੀਆਂ ਅਤੇ ਮਰਾਰੀਆਂ ਸਮੇਤ - ਅਧਿਆਇ 3 ਵਿਚ ਦਿੱਤੀ ਗਈ ਹੈ।

ਕੂਚ ਤੇ ਗੋਤਾਂ ਦੀ ਤਰਤੀਬ 10:11-28 ਵਿਚ ਦੁਹਰਾਈ ਗਈ ਹੈ। ਪਰਤੱਖ ਰੂਪ ਵਿਚ, ਗਿਣਤੀ ਦੀ ਪੁਸਤਕ ਸਭ ਤੋਂ ਪਹਿਲਾਂ ਇਹ ਦੱਸਦੀ ਹੈ ਕਿ ਇਸਰਾਏਲੀਆਂ ਨੇ ਕਿਵੇਂ ਇਕੱਠੇ ਹੋਣਾ ਸੀ ਜਦੋਂ ਉਨ੍ਹਾਂ ਨੇ ਵਾਅਦੇ ਦੀ ਧਰਤੀ ਵੱਲ ਨੂੰ ਚੱਲਣਾ ਸ਼ੁਰੂ ਕੀਤਾ ਸੀ, ਫਿਰ ਬਾਅਦ ਵਿਚ ਇਹ ਦੱਸਦੀ ਹੈ ਕਿ ਉਨ੍ਹਾਂ ਨੇ ਉਹੀ ਕੀਤਾ ਜੋ ਉਨ੍ਹਾਂ ਨੂੰ ਪਹਿਲਾਂ ਕਰਨ ਦੀ ਹਦਾਇਤ ਦਿੱਤੀ ਗਈ ਸੀ। ਅਧਿਆਇ 2 ਵਿਚ ਦਿੱਤੀ ਗਈ ਤਰਤੀਬ ਅਤੇ ਅਧਿਆਇ 10 ਵਿਚ ਵਰਣਨ ਕੀਤੀ ਗਈ ਤਰਤੀਬ ਵਿਚਕਾਰ ਇਕ ਫ਼ਰਕ ਇਹ ਹੈ ਕਿ 2:16, 17 ਕਹਿੰਦੀਆਂ ਹਨ ਕਿ ਡੇਹਰੇ ਨੂੰ ਜਲੂਸ ਦੇ ਵਿਚਕਾਰ ਚੁੱਕ ਕੇ ਲਿਜਾਇਆ ਜਾਣਾ ਸੀ, ਜਦ ਕਿ 10:17, 21 ਕਹਿੰਦੀਆਂ ਹਨ ਕਿ ਉਹ ਲੇਵੀ (ਗੇਰਸ਼ੋਨੀਆਂ ਅਤੇ ਮਰਾਰੀਆਂ) ਜਿਹੜੇ ਡੇਹਰੇ ਨੂੰ ਚੁੱਕ ਕੇ ਲਈ ਜਾਂਦੇ ਸਨ, ਰਊਬੇਨ ਦੇ ਗੋਤ ਦੇ ਅੱਗੇ ਚੱਲਦੇ ਸਨ, ਉਨ੍ਹਾਂ ਦੇ ਨਾਲ ਜਿਹੜੇ (ਕਹਾਥੀਆਂ) ਡੇਹਰੇ ਦੇ ਸਮਾਨ ਨੂੰ ਚੁੱਕੀ ਜਾਂਦੇ ਸਨ ਜੋ ਰਊਬੇਨੀਆਂ ਦੇ ਪਿੱਛੇ-ਪਿੱਛੇ ਚੱਲਦੇ ਸਨ (ਵੇਖੋ *ਵਾਧੂ ਅਧਿਐਨ: ਇਸਰਾਏਲੀਆਂ ਦੇ ਕੂਚ ਦਾ ਹੁਕਮ,* ਸਫ਼ਾ 159)। ਗੋਰਡਨ ਜੇ. ਵੈਨਹਮ ਨੇ ਉਸ ਨੂੰ ਕੌਮ ਵਿਚ ਡੇਹਰੇ ਦੀ ਥਾਂ ਸੰਬੰਧੀ ਫ਼ਰਕ ਸਮਝਿਆ ਸੀ। ਉਸ ਨੇ ਆਖਿਆ, "2:17 ਇਹ ਦੱਸ ਰਹੀ ਹੈ ਕਿ ਜਿਵੇਂ ਇਸਰਾਏਲੀਆਂ ਦਾ ਕੇਂਦਰ ਪਰਮੇਸ਼ੁਰ ਦਾ ਭਵਨ ਹੋਣਾ ਸੀ ਜਦੋਂ ਉਨ੍ਹਾਂ ਨੇ ਡੇਰਾ ਲਾਇਆ ਸੀ, ਇਸ ਲਈ ਜਦੋਂ ਉਹ ਕੂਚ ਕਰ ਰਹੇ ਸਨ ਤਾਂ ਇਹ ਵਿਚਕਾਰ ਹੋਣਾ ਚਾਹੀਦਾ ਸੀ।"[6] ਵੱਖ-ਵੱਖ

ਸਮੂਹਾਂ ਵਿਚ ਡੇਰਹੇ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਤਰਕਪੂਰਣ ਸੀ। ਜਦੋਂ ਨਵੀਂ ਥਾਂ ਤੇ ਟਿਕਣ ਦੇ ਲਈ ਸਾਰਾ ਸਮਾਨ ਪਹੁੰਚ ਗਿਆ, ਡੇਰਹਾ ਆਪਣੇ ਆਪ ਵਿਚ ਪਹਿਲਾਂ ਤੋਂ ਹੀ ਖੜਾ ਹੋ ਗਿਆ ਸੀ।

ਇਸਰਾਏਲੀਆਂ ਦੇ ਕੂਚ ਕਰਨ ਦੇ ਹੁਕਮ ਦੇ ਇਸ ਵਰਣਨ ਵਿਚ ਜਿਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਉਹ ਇਹ ਹੈ ਕਿ ਸਾਰਾ ਜਲੂਸ ਨੇਮ ਦੇ ਸੰਦੂਕ ਦੇ ਪਿੱਛੇ-ਪਿੱਛੇ ਚੱਲਦਾ ਸੀ (10:33), ਜਿਸ ਨੂੰ ਜਾਜਕਾਂ ਦੁਆਰਾ ਕੜਿਆਂ ਵਿਚ ਪਾ ਕੇ ਚੁੱਕ ਕੇ ਲਿਜਾਇਆ ਗਿਆ ਸੀ (ਕੂਚ 25:14)।

**ਲਹਿੰਦੇ ਪਾਸੇ ਵੱਲ ਗੋਤ (2:18-24)**

**[18]ਅਫ਼ਰਈਮ ਦੇ ਡੇਰੇ ਦਾ ਝੰਡਾ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਲਹਿੰਦੇ ਪਾਸੇ ਵੱਲ ਹੋਵੇ ਅਤੇ ਅਫ਼ਰਈਮ ਦੇ ਲੋਕਾਂ ਦਾ ਪਰਧਾਨ ਅੰਮੀਹੂਦ ਦਾ ਪੁੱਤ੍ਰ ਅਲੀਸ਼ਾਮਾ ਹੋਵੇ। [19]ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਚਾਲੀ ਹਜ਼ਾਰ ਪੰਜ ਸੌ ਸਨ। [20]ਫੇਰ ਉਹ ਦੇ ਕੋਲ ਮਨੱਸ਼ਹ ਦਾ ਗੋਤ ਹੋਵੇ ਅਤੇ ਮਨੱਸ਼ਹ ਦੇ ਲੋਕਾਂ ਦਾ ਪਰਧਾਨ ਪਦਾਹਸੂਰ ਦਾ ਪੁੱਤ੍ਰ ਗਮਲੀਏਲ ਹੋਵੇ। [21]ਅਤੇ ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਬੱਤੀ ਹਜ਼ਾਰ ਦੋ ਸੌ ਸਨ। [22]ਫੇਰ ਬਿਨਯਾਮੀਨ ਦਾ ਗੋਤ ਹੋਵੇ ਅਤੇ ਬਿਨਯਾਮੀਨ ਦੇ ਲੋਕਾਂ ਦਾ ਪਰਧਾਨ ਗਿਦਓਨੀ ਦਾ ਪੁੱਤ੍ਰ ਅਬੀਦਾਨ ਹੋਵੇ। [23]ਅਤੇ ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਪੈਂਤੀ ਹਜ਼ਾਰ ਚਾਰ ਸੌ ਸਨ। [24]ਅਫ਼ਰਈਮ ਦੇ ਡੇਰੇ ਦੇ ਸਾਰੇ ਗਿਣੇ ਹੋਏ ਲੋਕ ਇੱਕ ਲੱਖ ਅੱਠ ਹਜ਼ਾਰ ਇੱਕ ਸੌ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਸਨ। ਤੀਜੇ ਓਹ ਕੂਚ ਕਰਨ।**

**ਆਇਤਾਂ 18, 19.** ਤੀਜੇ ਸਮੂਹ ਨੇ ਡੇਰਹੇ ਦੇ **ਲਹਿੰਦੇ ਪਾਸੇ ਵੱਲ** ਡੇਰਾ ਲਾਉਣਾ ਸੀ। "ਲਹਿੰਦੇ ਪਾਸੇ" ਸ਼ਬਦ ਇਬਰਾਨੀ ਸ਼ਬਦ יָם *(ਯਮ)* ਦਾ ਅਨੁਵਾਦ ਹੈ ਜਿਸ ਦਾ ਅਰਥ "ਸਮੁੰਦਰ" ਹੈ। ਹਾਲਾਂਕਿ ਇਸਰਾਏਲੀ ਲੋਕ ਇਸ ਸਮੇਂ ਵਾਅਦੇ ਦੀ ਧਰਤੀ ਵਿਚ ਨਹੀਂ ਸਨ, ਭਾਸ਼ਾ ਇਸ ਦ੍ਰਿਸ਼ਟੀਕੋਣ ਤੋਂ ਵਰਤੀ ਗਈ ਹੈ ਕਿ ਉਹ ਫਲਿਸਤੀਨ ਵਿਚ ਹਨ ਅਤੇ ਇਸ ਦੇ ਵਿਚ ਪੱਛਮੀ ਸਰਹੱਦ ਦੇ ਰੂਪ ਵਿਚ ਭੂਮੱਧ ਸਾਗਰ ਹੈ। ਮੂਸਾ ਨੇ ਪੰਚਗ੍ਰੰਥ ਦੇ ਦੂਜੇ ਹਿੱਸਿਆਂ ਵਿਚ ਇਹੀ ਦਿਸ਼ਾਸੂਚਕ ਸ਼ਬਦ ਵਰਤਿਆ ਸੀ (ਉਤਪਤ 13:14; 28:14; ਗਿਣਤੀ 35:5; ਬਿਵਸਥਾ ਸਾਰ 3:27)।[7]

ਇਸ ਤੀਜੇ ਸਮੂਹ ਵਿਚ **ਅਫ਼ਰਈਮ** ਦਾ ਗੋਤ ਨੇ ਅਗਵਾਈ ਕੀਤੀ, ਜਿਸ ਦਾ ਯਾਕੂਬ ਅਤੇ ਰਾਖੇਲ ਤੋਂ ਹੋਇਆ ਸੀ। ਅਫ਼ਰਈਮ ਦੀ ਸਰਬਉੱਚਤਾ ਨੇ ਯੂਸੁਫ਼ ਦੇ ਪੁੱਤਰਾਂ ਸੰਬੰਧੀ ਯਾਕੂਬ ਦੀ ਬਰਕਤ ਨੂੰ ਪੂਰਾ ਕੀਤਾ ਸੀ। ਉਤਪਤ 48:19 ਵਿਚ, ਪੁਰਖੇ ਨੇ ਆਖਿਆ ਸੀ ਕਿ ਨਿੱਕਾ ਪੁੱਤਰ ਅਫ਼ਰਈਮ ਵੱਡੇ ਪੁੱਤਰ ਮਨੱਸ਼ਹ ਨਾਲੋਂ "ਵੱਡਾ ਹੋਵੇਗਾ।" ਬਾਅਦ ਵਿਚ, ਅਫ਼ਰਈਮ ਇਸਰਾਏਲ ਦੇ ਉੱਤਰੀ ਰਾਜ ਦਾ ਸਭ ਤੋਂ ਪ੍ਰਮੁੱਖ ਗੋਤ ਬਣ ਗਿਆ।

**ਅਫ਼ਰਈਮ** ਦੇ **ਪਰਧਾਨ** ਦਾ ਨਾਮ **ਅਲੀਸ਼ਾਮਾ** ਸੀ ਅਤੇ ਉਸ ਦੇ ਗੋਤ ਵਿਚ ਜੁੱਧ ਲੜਨ ਵਾਲੇ **ਲੋਕਾਂ** ਦੀ ਕੁੱਲ ਗਿਣਤੀ 40,500 ਸੀ (ਵੇਖੋ 1:10, 32, 33)।

**ਆਇਤਾਂ 20, 21.** ਲਹਿੰਦੇ ਪਾਸੇ ਵੱਲ ਜੋ ਸਮੂਹ ਸੀ ਉਸ ਦੇ ਵਿਚ ਅਫ਼ਰਈਮ ਦੇ ਵੱਡੇ ਭਰਾ **ਮਨੱਸ਼ਹ** ਦੀ ਅੰਸ ਵੀ ਸ਼ਾਮਲ ਸੀ। ਉਹ ਮਨੁੱਖ ਜਿਹੜਾ ਉਸ ਗੋਤ ਦੇ ਪਰਧਾਨ ਦੇ ਰੂਪ ਵਿਚ ਸੇਵਾ ਕਰਦਾ ਸੀ ਉਹ **ਗਮਲੀਏਲ** ਸੀ ਅਤੇ **ਉਸ ਦੀ ਸੈਨਾ** ਵਿਚ 32,200 ਲੋਕ ਸਨ (ਵੇਖੋ 1:10, 34, 35)।

**ਆਇਤਾਂ 22, 23.** ਯੂਸੁਫ਼ ਦੀ ਅੰਸ ਤੋਂ ਇਲਾਵਾ, ਇਸ ਤੀਜੇ ਸਮੂਹ ਵਿਚ **ਬਿਨਯਾਮੀਨ ਦਾ ਗੋਤ** ਸ਼ਾਮਲ ਸੀ। ਇਸ ਗੋਤ ਵਿਚ ਯਾਕੂਬ ਦੇ ਬਾਰਾਂ ਪੁੱਤਰਾਂ ਵਿੱਚੋਂ ਆਖ਼ਰੀ ਪੁੱਤਰ ਸ਼ਾਮਲ ਸੀ;

ਰਾਖੇਲ ਨੇ ਜਦੋਂ ਉਸ ਨੂੰ ਜਨਮ ਦਿੱਤਾ ਤਾਂ ਉਹ ਮਰ ਗਈ (ਉਤਪਤ 35:16-20)। ਬਾਅਦ ਵਿਚ ਦੱਸਿਆ ਗਿਆ ਕਿ ਯਾਕੂਬ ਦੇ ਲਾਡਲੇ ਪੁੱਤਰ ਯੂਸੁਫ਼ ਨੂੰ ਮਾਰ ਦਿੱਤਾ ਗਿਆ ਸੀ, ਬਿਨਯਾਮੀਨ ਉਸ ਦਾ ਲਾਡਲਾ ਪੁੱਤਰ ਬਣ ਗਿਆ (ਉਤਪਤ 44:27-31)। **ਬਿਨਯਾਮੀਨ ਦੇ ਲੋਕਾਂ** ਦਾ **ਪਰਧਾਨ** ਸੀ **ਅਬੀਦਾਨ** ਅਤੇ **ਉਸ ਦੀ ਸੈਨਾ** 35,400 ਸਿਪਾਹੀਆਂ ਨੂੰ ਮਿਲ ਕੇ ਬਣੀ ਸੀ (ਵੇਖੋ 1:11, 36, 37)।

**ਆਇਤ 24. ਅਫ਼ਰਈਮ ਦੇ ਡੇਰੇ** - ਜਿਹੜਾ ਕਿ ਅਫ਼ਰਈਮ, ਮਨੱਸ਼ਹ ਅਤੇ ਬਿਨਯਾਮੀਨ ਦੇ ਗੋਤਾਂ ਨੂੰ ਮਿਲ ਕੇ ਬਣਿਆ ਸੀ - ਦੇ ਜੁੱਧ ਲੜਨ ਵਾਲੇ **ਲੋਕਾਂ** ਦੀ ਕੁੱਲ ਗਿਣਤੀ 108,100 ਸੀ। ਉਨ੍ਹਾਂ ਦਾ ਸਮੂਹ, ਜਿਹੜਾ ਕਿ ਪਵਿੱਤ੍ਰ ਅਸਥਾਨ ਦੇ ਪਿੱਛੇ ਸਥਿਤ ਸੀ, ਚਾਰਾਂ ਵਿੱਚੋਂ ਸਭ ਤੋਂ ਛੋਟਾ ਸੀ। ਚਾਰ ਸਮੂਹਾਂ ਦੇ ਸੰਬੰਧ ਵਿਚ, ਅਫ਼ਰਈਮ ਦੇ ਗੋਤ ਨੇ **ਤੀਜਾ ਕੂਚ** ਕੀਤਾ ਸੀ। ਉਹ ਲੇਵੀਆਂ ਦੇ ਪਿੱਛੇ-ਪਿੱਛੇ ਚੱਲੇ ਸਨ (2:17), ਜਿਨ੍ਹਾਂ ਨੂੰ ਇਸ ਗਿਣਤੀ ਵਿਚ ਗਿਣਿਆ ਗਿਆ ਹੈ।

### ਉੱਤਰ ਵੱਲ ਦੇ ਪਾਸੇ ਗੋਤ (2:25-31)

**25ਦਾਨ ਦੇ ਡੇਰੇ ਦਾ ਝੰਡਾ ਉੱਤਰ ਵੱਲ ਦੇ ਪਾਸੇ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਹੋਵੇ ਅਤੇ ਦਾਨ ਦੇ ਲੋਕਾਂ ਦਾ ਪਰਧਾਨ ਅੰਮੀਸ਼ੱਦਾਈ ਦਾ ਪੁੱਤ੍ਰ ਅਹੀਅਜ਼ਰ ਹੋਵੇ। 26ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਬਾਹਟ ਹਜ਼ਾਰ ਸੱਤ ਸੌ ਸਨ। 27ਜਿਹੜੇ ਉਹ ਦੇ ਕੋਲ ਡੇਰਾ ਲਾਉਣ ਓਹ ਆਸ਼ੇਰ ਦੇ ਗੋਤ ਦੇ ਹੋਣ ਅਤੇ ਆਸ਼ੇਰ ਦੇ ਲੋਕਾਂ ਦਾ ਪਰਧਾਨ ਆਕਰਾਨ ਦਾ ਪੁੱਤ੍ਰ ਪਗੀਏਲ ਹੋਵੇ। 28ਅਤੇ ਉਸ ਦੀ ਸੈਨਾ ਦੇ ਗਿਣੇ ਹੋਏ ਲੋਕ ਇੱਕਤਾਲੀ ਹਜ਼ਾਰ ਪੰਜ ਸੌ ਸਨ। 29ਫੇਰ ਨਫ਼ਤਾਲੀ ਦਾ ਗੋਤ ਅਤੇ ਨਫ਼ਤਾਲੀ ਦੇ ਲੋਕਾਂ ਦਾ ਪਰਧਾਨ ਏਨਾਨ ਦਾ ਪੁੱਤ੍ਰ ਅਹੀਰਾ ਹੋਵੇ। 30ਉਹ ਦੀ ਸੈਨਾ ਦੇ ਗਿਣੇ ਹੋਏ ਲੋਕ ਤਿਰਵੰਜਾ ਹਜ਼ਾਰ ਚਾਰ ਸੌ ਸਨ। 31ਦਾਨ ਦੇ ਡੇਰੇ ਦੇ ਸਾਰੇ ਗਿਣੇ ਹੋਏ ਲੋਕ ਇੱਕ ਲੱਖ ਸਤਵੰਜਾ ਹਜ਼ਾਰ ਛੇ ਸੌ ਸਨ। ਓਹ ਸਭ ਤੋਂ ਪਿੱਛੇ ਆਪਣੇ ਝੰਡਿਆਂ ਦੇ ਨਾਲ ਨਾਲ ਕੂਚ ਕਰਨ।**

**ਆਇਤਾਂ 25, 26.** ਚੌਥੇ ਅਤੇ ਆਖਰੀ ਸਮੂਹ ਨੇ ਡੇਹਰੇ ਦੇ **ਉੱਤਰ ਵੱਲ ਦੇ ਪਾਸੇ** ਤੰਬੂ ਲਾਇਆ ਸੀ। ਤਿੰਨ ਗੋਤ ਜਿਨ੍ਹਾਂ ਨੂੰ ਮਿਲ ਕੇ ਇਹ ਸਮੂਹ ਬਣਿਆ ਸੀ - ਦਾਨ, ਆਸ਼ੇਰ ਅਤੇ ਨਫ਼ਤਾਲੀ - ਯਾਕੂਬ ਅਤੇ ਉਸ ਦੀਆਂ ਪਤਨੀਆਂ ਦੀਆਂ ਗੋੱਲੀਆਂ ਬਿਲਹਾਹ ਅਤੇ ਜ਼ਿਲਪਾਹ ਤੋਂ ਆਏ ਸਨ (ਉਤਪਤ 35:25, 26)। ਇਨ੍ਹਾਂ ਗੋਤਾਂ ਦੇ ਵਾਅਦੇ ਦੇ ਧਰਤੀ ਵਿਚ ਦਾਖ਼ਲ ਹੋਣ ਅਤੇ ਦਾਨ ਦੇ ਪ੍ਰਵਾਸ ਕਰਨ ਤੋਂ ਬਾਅਦ, ਉਹ ਸਾਰੇ ਉੱਤਰੀ ਇਸਰਾਏਲ ਵਿਚ ਟਿਕ ਗਏ (ਯਹੋਸ਼ੁਆ 19:24-39; ਨਿਆਈਆਂ 18)। ਉਨ੍ਹਾਂ ਦੇ ਤੰਬੂ ਲਾਉਣ ਸੰਬੰਧੀ, ਤਿੰਨ ਗੋਤ **ਦਾਨ ਦੇ ਡੇਰੇ ਦੇ ਝੰਡੇ** ਹੇਠ ਇਕ ਹੋ ਗਏ ਸਨ।

**ਦਾਨ** ਦੇ ਗੋਤ ਦਾ ਪਰਧਾਨ ਸੀ **ਅੰਮੀਸ਼ੱਦਾਈ** ਅਤੇ **ਗਿਣੇ ਹੋਏ ਲੋਕ** ਜਿਹੜੇ ਜੁੱਧ ਕਰਨ ਵਿਚ ਸਮਰੱਥ ਸਨ ਉਨ੍ਹਾਂ ਦੀ ਗਿਣਤੀ 62,700 ਸੀ (ਵੇਖੋ 1:12, 38, 39)। ਯਹੂਦਾਹ ਦੇ 74,600 ਲੋਕਾਂ ਦੇ ਮੁਕਾਬਲੇ ਦਾ ਦੂਜਾ ਸਭ ਤੋਂ ਜ਼ਿਆਦਾ ਅਬਾਦੀ ਵਾਲਾ ਗੋਤ ਸੀ (2:4)।

**ਆਇਤਾਂ 27, 28.** ਦਾਨ ਦੇ ਨੇੜੇ ਜਿਸ ਗੋਤ ਨੇ ਡੇਰਾ ਲਾਇਆ ਸੀ ਉਹ ਸੀ **ਆਸ਼ੇਰ ਦਾ ਗੋਤ**। ਇਸ ਗੋਤ ਦਾ **ਪਰਧਾਨ** ਸੀ **ਪਗੀਏਲ** ਅਤੇ ਉਸ ਦੀ ਸੈਨਾ ਦੀ ਕੁੱਲ ਗਿਣਤੀ ਸੀ 41,500 (ਵੇਖੋ 1:13, 40, 41)।

**ਆਇਤਾਂ 29, 30.** ਦਾਨ ਅਤੇ ਆਸ਼ੇਰ ਦੇ ਨਾਲ-ਨਾਲ **ਨਫ਼ਤਾਲੀ ਦਾ ਗੋਤ** ਸੀ, ਜਿਸ ਦੀ ਅਗਵਾਈ **ਅਹੀਰਾ** ਨੇ ਕੀਤੀ ਸੀ ਅਤੇ **ਉਹ ਦੀ ਸੈਨਾ** ਵਿਚ 53,400 ਲੋਕ ਸਨ (ਵੇਖੋ 1:15, 42, 43)।

**ਆਇਤ 31.** ਕੁੱਲ ਮਿਲਾ ਕੇ, **ਦਾਨ ਦੇ ਡੇਰੇ** ਦੀ ਗਿਣਤੀ 157,600 ਸੀ। ਇਸ ਸਮੂਹ ਨੇ

ਚਾਰਾਂ ਸਮੂਹਾਂ ਵਿੱਚੋਂ **ਸਭ ਤੋਂ ਪਿੱਛੋਂ ਕੂਚ ਕੀਤਾ**; ਜਲੂਸ ਵਿਚ ਉਹ ਸਭ ਤੋਂ ਪਿੱਛੇ ਸਨ। ਚਾਰੇ ਦੇ ਚਾਰ ਸਮੂਹਾਂ ਨੇ **ਆਪਣੇ ਝੰਡਿਆਂ ਦੇ ਨਾਲ-ਨਾਲ** ਕੂਚ ਕੀਤਾ ਸੀ। ਇਨ੍ਹਾਂ ਝੰਡਿਆਂ ਨੂੰ "ਸਫ਼ਰ ਦੀ ਸ਼ੁਰੂਆਤ ਵਿਚ ਦਿਸ਼ਾ ਦੀ ਪਾਲਣਾ ਵਾਸਤੇ ਇਸ਼ਾਰਾ ਕਰਨ ਦੇ ਲਈ" ਵਰਤਿਆ ਗਿਆ ਸੀ।[8]

## ਪਰਮੇਸ਼ੁਰ ਦੇ ਹੁਕਮਾਂ ਦੇ ਪ੍ਰਤੀ ਇਸਰਾਏਲੀਆਂ ਦੀ ਆਗਿਆਕਾਰੀ (2:32-34)

**32ਏਹ ਓਹ ਇਸਰਾਏਲੀ ਹਨ ਜਿਹੜੇ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣੇ ਗਏ। ਡੇਰਿਆਂ ਦੇ ਸਾਰੇ ਗਿਣੇ ਹੋਏ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਛੇ ਲੱਖ ਤਿੰਨ ਹਜ਼ਾਰ ਪੰਜ ਸੌ ਪੰਜਾਹ ਸਨ। 33ਪਰ ਲੇਵੀ ਇਸਰਾਏਲੀਆਂ ਵਿੱਚ ਗਿਣੇ ਨਾ ਗਏ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। 34ਇਸਰਾਏਲੀਆਂ ਨੇ ਸਭ ਕੁਝ ਕੀਤਾ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। ਇਉਂ ਓਹ ਆਪਣੇ ਝੰਡਿਆਂ ਕੋਲ ਡੇਰਾ ਲਾਉਂਦੇ ਸਨ ਅਤੇ ਇਉਂ ਓਹ ਕੂਚ ਕਰਦੇ ਸਨ, ਹਰ ਮਨੁੱਖ ਆਪਣੀਆਂ ਕੁਲਾਂ ਨਾਲ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ।**

**ਆਇਤਾਂ 32, 33. ਡੇਰਿਆਂ ਦੇ ਸਾਰੇ** ਜੁੱਧ ਲੜਨ ਵਾਲੇ **ਲੋਕਾਂ** ਦੀ ਕੁੱਲ ਗਿਣਤੀ ਜੋ **ਸੈਨਾਂ ਅਨੁਸਾਰ** ਗਿਣੀ ਗਈ ਸੀ - 603,550 - ਇੱਥੇ ਦੁਹਰਾਈ ਗਈ ਹੈ (ਵੇਖੋ 1:44-46) ਬਾਕੀ ਦੇ ਬਚੇ **ਲੇਵੀ** ਪੁਰਸ਼ਾਂ ਦੇ ਨਾਲ ਜਿਹੜੇ ਇਸ ਸਮੇਂ **ਇਸਰਾਏਲੀਆਂ ਵਿੱਚ ਗਿਣੇ ਨਾ ਗਏ**। ਇਹ ਉਸ ਦੇ ਅਨੁਸਾਰ ਸੀ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ**। ਇਨ੍ਹਾਂ ਲੋਕਾਂ ਨੂੰ ਦੋ ਕਾਰਣਾਂ ਕਰਕੇ ਪਹਿਲੀ ਗਿਣਤੀ ਵਿਚ ਨਹੀਂ ਸੀ ਗਿਣਿਆ ਗਿਆ (ਹਾਲਾਂਕਿ ਉਨ੍ਹਾਂ ਨੂੰ 3 ਅਤੇ 4 ਅਧਿਆਵਾਂ ਵਿਚ ਗਿਣਿਆ ਗਿਆ ਸੀ)। (1) ਇਸ ਗਿਣਤੀ ਦਾ ਉਦੇਸ਼ ਉਨ੍ਹਾਂ ਲੋਕਾਂ ਦੀ ਗਿਣਤੀ ਦਾ ਪਤਾ ਕਰਨਾ ਸੀ ਜਿਹੜੇ ਇਸਰਾਏਲੀਆਂ ਦੀਆਂ ਅੱਗੇ ਆਉਣ ਵਾਲੀਆਂ ਲੜਾਈਆਂ ਦੇ ਲਈ ਉਪਲਬਧ ਸਨ ਅਤੇ ਲੇਵੀਆਂ ਨੂੰ ਉਸ ਜ਼ਿੰਮੇਵਾਰੀ ਤੋਂ ਮੁਕਤ ਕੀਤਾ ਗਿਆ ਸੀ। (2) ਗਿਣਤੀ ਇਹ ਪਤਾ ਲਗਾਉਣ ਦੇ ਲਈ ਕੀਤੀ ਗਈ ਸੀ ਕਿ ਹਰੇਕ ਗੋਤ ਨੂੰ ਹਿੱਸੇ ਆਉਂਦੀ ਕਿੰਨੀ ਜ਼ਮੀਨ ਦਿੱਤੀ ਜਾਵੇਗੀ ਜਦੋਂ ਉਹ ਛੇਤੀ ਵਾਅਦੇ ਦੇ ਧਰਤੀ ਵਿਚ ਦਾਖ਼ਲ ਹੋ ਜਾਣਗੇ। ਇਸ ਸਮੇਂ, ਇਸਰਾਏਲੀਆਂ ਨੇ ਪਾਪ ਨਹੀਂ ਸੀ ਕੀਤਾ ਅਤੇ ਸ਼ਾਇਦ ਉਹ ਕੁਝ ਹੀ ਹਫ਼ਤਿਆ ਜਾਂ ਮਹੀਨਿਆਂ ਵਿਚ ਕਨਾਨ ਵਿਚ ਦਾਖ਼ਲ ਹੋਣ ਦੀ ਉਮੀਦ ਕਰ ਸਕਦੇ ਸਨ। ਦੂਜੀ ਗਿਣਤੀ, ਜੋ ਕਿ ਲਗਭਗ ਚਾਲੀ ਸਾਲ ਬਾਅਦ ਕੀਤੀ ਗਈ ਸੀ, ਅਸਲ ਵਿਚ ਇਸਰਾਏਲੀਆਂ ਦੇ ਕਨਾਨ ਉੱਤੇ ਜਿੱਤ ਪਾਉਣ ਤੋਂ ਬਾਅਦ ਦੇਸ ਦੀ ਵੰਡ ਦਾ ਪਤਾ ਲਗਾਉਣ ਦੇ ਲਈ ਕੀਤੀ ਗਈ ਸੀ। ਕਿਉਂਕਿ ਲੇਵੀਆਂ ਨੂੰ ਜ਼ਮੀਨ ਨਹੀਂ ਸੀ ਮਿਲੀ, ਬਲਕਿ ਪੂਰੇ ਦੇਸ ਵਿਚ ਨਗਰ ਮਿਲੇ ਸਨ (ਅਧਿਆਇ 35), ਉਨ੍ਹਾਂ ਨੂੰ ਗੋਤਾਂ ਦੀ ਗਿਣਤੀ ਵਿਚ ਨਹੀਂ ਸੀ ਗਿਣਿਆ ਗਿਆ।

**ਆਇਤ 34.** ਅਧਿਆਇ 1 ਦੇ ਵਾਂਗ, ਇਹ ਅਧਿਆਇ ਖੁਸ਼ ਖੁਸ਼ਹਾਲੀ ਨਾਲ ਖਤਮ ਹੁੰਦਾ ਹੈ ਕਿ ਇਸਰਾਏਲੀਆਂ ਨੇ ਸਭ ਕੁਝ ਕੀਤਾ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ**। ਉਨ੍ਹਾਂ ਨੇ **ਝੰਡਿਆਂ ਕੋਲ ਡੇਰਾ ਲਾਇਆ**, ਉਸ ਪ੍ਰਬੰਧ ਤੋਂ ਬਾਅਦ ਜੋ ਯਹੋਵਾਹ ਨੇ ਉਨ੍ਹਾਂ ਦੇ ਲਈ ਕੀਤਾ ਸੀ ਅਤੇ **ਇਉਂ ਉਹ ਕੂਚ ਕਰਦੇ ਸਨ, ਹਰ ਮਨੁੱਖ ਆਪਣੀਆਂ ਕੁਲਾਂ ਨਾਲ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ**, ਉਸ ਤਰਤੀਬ ਅਨੁਸਾਰ ਜੋ ਉਨ੍ਹਾਂ ਨੂੰ ਸਪੱਸ਼ਟ ਤੌਰ ਤੇ ਦੱਸੀ ਗਈ ਸੀ। ਉਨ੍ਹਾਂ ਨੇ ਆਪਣਾ ਸਫ਼ਰ ਆਗਿਆਕਾਰੀ ਅਤੇ ਨਿਹਚਾ ਨਾਲ ਸ਼ੁਰੂ ਕੀਤਾ। ਕਹਾਣੀ ਦਾ ਅੰਤ ਬਹੁਤ ਹੀ ਅਲੱਗ ਹੋਣਾ ਸੀ ਜੇਕਰ ਇਸਰਾਏਲੀ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਦੇ ਰਹਿੰਦੇ ਜਿਵੇਂ ਉਨ੍ਹਾਂ ਨੇ ਇਸ ਮੌਕੇ ਤੇ ਕੀਤਾ ਸੀ।

# ਪ੍ਰਾਸੰਗਿਕਤਾ

**ਕਲੀਸੀਆ ਵਿਚ ਵਿਵਸਥਾ (ਅਧਿਆਇ 2)**

ਗਿਣਤੀ ਦੀ ਪੁਸਤਕ ਵਿਚ ਪਰਮੇਸ਼ੁਰ ਦੁਆਰਾ ਇਸ ਸੰਬੰਧ ਵਿਚ ਦਿੱਤੀਆਂ ਗਈਆਂ ਬੜੀ ਸਾਵਧਾਨੀ ਨਾਲ ਮੰਨੀਆਂ ਜਾਣ ਵਾਲੀਆਂ ਹਦਾਇਤਾਂ ਕਿ ਕਿਵੇਂ ਇਸਰਾਏਲੀਆਂ ਨੇ ਸੰਗਠਿਤ ਹੋਣਾ ਸੀ, ਜਦੋਂ ਉਨ੍ਹਾਂ ਨੇ ਡੇਰਾ ਲਾਇਆ ਅਤੇ ਜਦੋਂ ਉਨ੍ਹਾਂ ਨੇ ਕੂਚ ਕੀਤਾ, ਦੱਸਦੀਆਂ ਹਨ ਕਿ ਪਰਮੇਸ਼ੁਰ ਸੰਗਠਨ ਨੂੰ ਕਿੰਨਾ ਮਹੱਤਵ ਦਿੰਦਾ ਹੈ। ਇਸ ਸੱਚਾਈ ਤੋਂ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ, ਕਿਉਂਕਿ ਪਰਮੇਸ਼ੁਰ ਵਿਵਸਥਾ ਦਾ ਪਰਮੇਸ਼ੁਰ ਹੈ। ਨਤੀਜੇ ਵਜੋਂ, ਅੱਜ ਵੀ, ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੀ ਕਲੀਸੀਆ ਵਿਵਸਥਤ ਤਰੀਕੇ ਨਾਲ ਕੰਮ ਕਰੇ।

ਨਵੇਂ ਨੇਮ ਦੇ ਸਮਿਆਂ ਵਿਚ, ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਵਿਧਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਸੀ, ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਮਨੁੱਖਾਂ ਨੇ ਸਲਾਹ ਦਿੱਤੀ ਕਿ ਕਲੀਸੀਆ ਦੀ ਭਲਾਈ ਦਾ ਕੰਮ ਸੱਤ ਯੋਗ ਮਨੁੱਖਾਂ ਅਧੀਨ ਕੀਤਾ ਜਾਵੇ (ਰਸੂਲਾਂ ਦੇ ਕਰਤੱਬ 6:1-6)। ਪਹਿਲੀ ਮਿਸ਼ਨਰੀ ਯਾਤਰਾ ਦੇ ਅੰਤ ਵਿਚ, ਪੌਲੁਸ ਅਤੇ ਬਰਨਬਾਸ ਉਨ੍ਹਾਂ ਥਾਵਾਂ ਤੇ ਦੁਬਾਰਾ ਗਏ ਜਿੱਥੇ ਉਨ੍ਹਾਂ ਨੇ ਖੁਸ਼ਖ਼ਬਰੀ ਦਾ ਪਰਚਾਰ ਕੀਤਾ ਸੀ ਅਤੇ "ਕਲੀਸਿਯਾ ਵਿੱਚ ਉਨ੍ਹਾਂ ਦੇ ਲਈ ਬਜ਼ੁਰਗ ਠਹਿਰਾਏ" (ਰਸੂਲਾਂ ਦੇ ਕਰਤੱਬ 14:23)। ਬਾਅਦ ਵਿਚ, ਪੌਲੁਸ ਤੀਤੁਸ ਨੂੰ ਇਹ ਹਦਾਇਤ ਦੇ ਕੇ ਕਰੇਤ ਵਿਚ ਛੱਡ ਗਿਆ ਕਿ "ਜਿਹੜੀਆਂ ਗੱਲਾਂ ਰਹਿ ਗਈਆਂ ਸਨ ਤੂੰ ਓਹਨਾਂ ਨੂੰ ਸੁਆਰੇਂ ਅਤੇ ਨਗਰ ਨਗਰ ਬਜ਼ੁਰਗ ਥਾਪ ਦੇਵੇਂ" (ਤੀਤੁਸ 1:5)। ਪਹਿਲੀ ਸਦੀ ਵਿਚ, ਸਥਾਨਕ ਮੰਡਲੀਆਂ ਵਿਚ "ਨਿਗਾਹਬਾਨ [ਐਲਡਰ ਜਾਂ ਬਜ਼ੁਰਗ] ਅਤੇ ਡੀਕਨ" ਸੇਵਾ ਕਰਦੇ ਸਨ (ਫ਼ਿਲਿੱਪੀਆਂ 1:1)।[9]

ਕੋਈ ਵੀ ਮੰਡਲੀ ਜਿਸ ਵਿਚ ਵਚਨ ਅਧਾਰਿਤ ਸੰਗਠਨ ਦੀ ਕਮੀ ਹੈ ਉਸ ਨੂੰ ਉਸ ਤਰ੍ਹਾਂ ਸੰਗਠਿਤ ਬਣਨ ਦੇ ਲਈ ਜਿਵੇਂ ਪਰਮੇਸ਼ੁਰ ਨੇ ਹੁਕਮ ਦਿੱਤਾ ਹੈ ਅੱਗੇ ਵੱਲ ਨੂੰ ਵਧਦੇ ਜਾਣ ਦੀ ਲੋੜ ਹੈ। ਪਰਮੇਸ਼ੁਰ ਦੇ ਲੋਕਾਂ ਨੂੰ ਮਹਾਨ ਆਗਿਆ (ਗ੍ਰੇਟ ਕਮਿਸ਼ਨ) ਨੂੰ ਪੂਰਾ ਕਰਨ ਦੇ ਲਈ ਵੀ ਸੰਗਠਿਤ ਹੋਣ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ, ਅਰਾਧਨਾ ਸਭਾਵਾਂ ਵਿਵਸਥਤ ਅਤੇ ਆਦਰਮਈ ਢੰਗ ਨਾਲ ਆਯੋਜਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪੌਲੁਸ ਨੇ ਲਿਖਿਆ ਕਿ ਕਲੀਸੀਆ ਦੀਆਂ ਮੰਡਲੀਆਂ ਵਿਚ "ਸਾਰੀਆਂ ਗੱਲਾਂ ਢਬ ਸਿਰ ਅਤੇ ਜੁਗਤੀ ਨਾਲ ਹੋਣ" (1 ਕੁਰਿੰਥੀਆਂ 14:40)। ਆਖ਼ਰਕਾਰ, "ਪਰਮੇਸ਼ੁਰ ਘਮਸਾਣ ਦਾ ਨਹੀਂ ਸਗੋਂ ਸ਼ਾਂਤੀ ਦਾ ਹੈ" (1 ਕੁਰਿੰਥੀਆਂ 14:33)।

---

ਟਿੱਪਣੀਆਂ

[1]ਪੁਰਾਣੇ ਨੇਮ ਵਿਚ *ਓਥ* ਸ਼ਬਦ ਵੱਖ-ਵੱਖ ਤਰ੍ਹਾਂ ਦੇ "ਨਿਸ਼ਾਨਾਂ" ਦੇ ਲਈ ਵਰਤਿਆ ਗਿਆ ਹੈ। ਅਜਿਹੇ "ਨਿਸ਼ਾਨ" ਯਾਦਗਾਰੀ ਸਹਾਇਤਾਂ ਦੇ ਰੂਪ ਵਿਚ ਕੰਮ ਕਰਦੇ ਹਨ। ਉਹ ਅਕਸਰ ਵਿਅਕਤੀ ਨੂੰ ਪਰਮੇਸ਼ੁਰ ਦੇ ਸਾਹਮਣੇ ਉਸ ਦੇ ਫਰਜ਼ਾਂ ਨੂੰ ਅਤੇ ਬੀਤੇ ਸਮੇਂ ਵਿਚ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਨੂੰ ਯਾਦ ਕਰਨ ਵਿਚ ਮਦਦ ਕਰਦੇ ਹਨ। (ਫਿਲਿਪ ਜੇ. ਬੱਡ, *ਗਿਣਤੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 5 [ਵਾਕੋ, ਟੈਕਸਾਸ: ਵਰਡ ਬੁਕਸ, 1984], 23.) [2]ਟਿਮੋਥੀ ਆਰ. ਐਸ਼ਲੇ, *ਦ ਬੁਕ ਆਫ਼ ਗਿਣਤੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993), 68. [3]ਉਸੇ ਸਥਾਨ ਤੇ, 73. [4]ਬਰੀਵਰਡ ਐਸ. ਚਾਈਲਡਸ ਦੀ ਪੁਸਤਕ *ਦਿ ਇੰਟਰਪਰਿਟਰਜ ਡਿਕਸ਼ਨਰੀ ਆਫ਼ ਦ ਬਾਈਬਲ*, ਸੋਧ, ਜੌਰਜ ਆਰਥਰ ਬੱਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 3:608 ਤੇ "ਸਥਿਤੀ" ਹੈ। [5]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*

(ਔਕਸਫੋਰਡ: ਕਲੈਰਨਡਨ ਪ੍ਰੈਸ, 1972), 412. [6]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 68. [7]ਬਰਾਊਨ, ਡਰਾਈਵਰ ਅਤੇ ਬਰਿੱਗਸ, 411. [8]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੀਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 54. ਇਨ੍ਹਾਂ ਝੰਡਿਆਂ ਦੀ ਹੋਰ ਵਰਤੋਂ ਜਿਨ੍ਹਾਂ ਦਾ ਹੈਰੀਸਨ ਦੁਆਰਾ ਹਵਾਲਾ ਦਿੱਤਾ ਗਿਆ ਹੈ ਉਨ੍ਹਾਂ ਵਿਚ ਸ਼ਾਮਲ ਹਨ: ਯੁੱਧ ਦੇ ਲਈ ਤੁਰ੍ਹੀਆਂ ਵਜਾਉਣ ਦਾ ਇਸ਼ਾਰਾ ਕਰਨਾ, ਸਿਪਾਹੀਆਂ ਦੀ ਗਿਣਤੀ ਕਰਨਾ ਅਤੇ ਧਾਰਮਿਕ ਉਦੇਸ਼ਾਂ ਦੇ ਲਈ ਲੋਕਾਂ ਨੂੰ ਇਕੱਠਾ ਕਰਨਾ। [9]"ਨਿਗਾਹਬਾਨਾਂ" ਨੂੰ "ਬਜ਼ੁਰਗਾਂ" (ਜਾਂ "ਪ੍ਰਿਸਬਿਟਰਸ") ਅਤੇ "ਚਰਵਾਹਿਆਂ" (ਜਾਂ "ਪਾਸਟਰਾਂ") ਦੇ ਤੌਰ ਤੇ ਵੀ ਜਾਣਿਆ ਜਾਂਦਾ ਸੀ। ਇਹ ਸ਼ਬਦ (ਜਾਂ ਉਨ੍ਹਾਂ ਦੀਆਂ ਅਨੁਸਾਰੀ ਕਿਰਿਆਵਾਂ) ਰਸੂਲਾਂ ਦੇ ਕਰਤੱਬ 20:17, 28 ਅਤੇ 1 ਪਤਰਸ 5:1, 2 ਵਿਚ ਇਕੱਠੀਆਂ ਆਉਂਦੀਆਂ ਹਨ। "ਨਿਗਾਹਬਾਨਾਂ" ਅਤੇ "ਡੀਕਨਾਂ" ਦੀਆਂ ਯੋਗਤਾਵਾਂ 1 ਤਿਮੋਥਿਉਸ 3:1-13 ਅਤੇ ਤੀਤੁਸ 1:5-9 ਵਿਚ ਦਿੱਤੀਆਂ ਗਈਆਂ ਹਨ।